ਇਸ ਨਾਲ ਆਪਣਾ ਭਵਿੱਖ ਸੁਰੱਖਿਅਤ ਬਣਾਓ

ਸਥਾਈ ਮੁਖ਼ਤਿਆਰ-ਨਾਮਾ

ਜੀਵਨ ਛਿਣ-ਭੰਗਰੀ ਹੋ ਸਕਦਾ ਹੈ – ਇੱਕ ਸਥਾਈ ਮੁਖਤਿਆਰ-ਨਾਮੇ ਦਾ ਅਰਥ ਹੁੰਦਾ ਹੈ ਤੁਸੀਂ ਮਨ ਦਾ ਚੈਨ ਹਾਸਲ ਕਰ ਸਕਦੇ ਹੋ ਅਤੇ ਇਹ ਕਿ ਜਿਸ ਵਿਅਕਤੀ ਉਤੇ ਤੁਸੀਂ ਭਰੋਸਾ ਕਰਦੇ ਹੋ, ਉਹ ਤੁਹਾਡੇ ਲਈ ਫ਼ੈਸਲੇ ਲਵੇਗਾ, ਜੇ ਤੁਸੀਂ ਆਪਣੇ-ਆਪ ਬਾਰੇ ਫ਼ੈਸਲਾ ਨਹੀਂ ਲੈ ਸਕਦੇ।

ਇੱਕ ਸਥਾਈ ਮੁਖਤਿਆਰ-ਨਾਮਾ ਕੀ ਹੁੰਦਾ ਹੈ?

ਇੱਕ ਸਥਾਈ ਮੁਖ਼ਤਿਆਰ-ਨਾਮਾ (ਈ ਪੀ ਏ-EPA) ਇੱਕ ਕਾਨੂੰਨੀ ਦਸਤਾਵੇਜ਼ ਹੁੰਦਾ ਹੈ ਜੋ ਤੁਹਾਨੂੰ ਅਤੇ ਤੁਹਾਡੀਆਂ ਕੀਮਤੀ ਵਸਤੂਆਂ ਨੂੰ ਸੁਰੱਖਿਅਤ ਰੱਖ ਸਕਦਾ ਹੈ।

ਜੀਵਨ ਕਿਉਂਕਿ ਛਿਣ-ਭੰਗਰੀ ਹੋ ਸਕਦਾ ਹੈ, ਇਸ ਲਈ ਇਹ ਹਰੇਕ ਵਾਸਤੇ ਮਹੱਤਵਪੂਰਣ ਹੁੰਦਾ ਹੈ ਕਿ ਉਹ ਈ ਪੀ (EPA) ਏ ਨਾਲ ਆਪਣਾ ਭਵਿੱਖ ਸੁਰੱਖਿਅਤ ਕਰਨ ਬਾਰੇ ਸੋਚੇ। ਜਦੋਂ ਤੁਸੀਂ ਇੱਕ ਈ ਪੀ ਏ (EPA) ਸਥਾਪਤ ਕਰ ਦਿੰਦੇ ਹੋ ਤਾਂ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਚੁਣਦੇ ਹੋ ਜੋ ਉਸ ਹਾਲਤ ਵਿੱਚ ਤੁਹਾਡੇ ਬਾਰੇ ਫ਼ੈਸਲੇ ਲਵੇ ਜੇ ਤੁਸੀਂ ਆਪਣੇ-ਆਪ ਬਾਰੇ ਫ਼ੈਸਲੇ ਨਾ ਲੈ ਸਕੋਂ। ਤੁਹਾਡਾ ਈ ਪੀ ਏ (EPA) ਤੁਹਾਡੇ ਬਾਰੇ ਲੋੜੀਂਦੇ ਫ਼ੈਸਲੇ ਲੈਣ ਹਿਤ ਅਦਾਲਤੀ ਹੁਕਮ ਲੈਣ ਦੀ ਲਾਗਤ ਤੇ ਤਣਾਅ ਤੋਂ ਤੁਹਾਡੇ ਪਰਿਵਾਰ ਨੂੰ ਬਚਾਵੇਗਾ।

ਈ ਪੀ ਏ (EPA) ਦੋ ਕਿਸਮ ਦੇ ਹੁੰਦੇ ਹਨ:

- ਇੱਕ ਤੁਹਾਡੀ **ਜਾਇਦਾਦ** (ਤੁਹਾਡਾ ਧਨ ਅਤੇ ਸੰਪਤੀਆਂ) ਨੂੰ ਕਵਰ ਕਰਦਾ ਹੈ ਅਤੇ ਇਹ ਤੁਹਾਡੇ ਵੱਲੋਂ ਮਾਨਸਿਕ ਸਮਰੱਥਾ ਗੁਆਉਣ ਤੋਂ ਪਹਿਲਾਂ ਹੀ ਲਾਗੂ ਹੋ ਸਕਦਾ ਹੈ।
- ਦੂਜਾ ਤੁਹਾਡੀ **ਨਿਜੀ ਦੇਖਭਾਲ ਤੇ ਕਲਿਆਣ** ਨੂੰ ਕਵਰ ਕਰਦਾ ਹੈ ਤੇ ਇਹ ਕੇਵਲ ਤਦ ਹੀ ਲਾਗੂ ਹੁੰਦਾ ਹੈ, ਜੇ ਕੋਈ ਮੈਡੀਕਲ ਪ੍ਰੋਫ਼ੈਸ਼ਨਲ ਇਹ ਫ਼ੈਸਲਾ ਦੇਵੇ ਕਿ ਤੁਸੀਂ 'ਮਾਨਸਿਕ ਤੌਰ 'ਤੇ ਅਯੋਗ ਹੋ ਗਏ ਹੋ।'

ਇਸ ਦਾ ਅਰਥ ਹੈ ਕਿ ਕੇਵਲ ਕੋਈ ਅਜਿਹਾ ਇੱਕ ਜਾਂ ਵੱਧ ਵਿਅਕਤੀ ਜਿਨ੍ਹਾਂ 'ਤੇ ਤੁਸੀਂ ਭਰੋਸਾ ਕਰਦੇ ਹੋ – ਤੁਹਾਡਾ/ਤੁਹਾਡੇ ਅਟਾਰਨੀ/ਜ਼ – ਤੁਹਾਡੇ ਜੀਵਨ ਅਤੇ/ਜਾਂ ਤੁਹਾਡੀਆਂ ਕੀਮਤੀ ਵਸਤਾਂ, ਜਿਵੇਂ ਕਿ ਤੁਹਾਡਾ ਧਨ, ਮਕਾਨ ਤੇ ਹੋਰ ਸਾਮਾਨ ਬਾਰੇ ਫ਼ੈਸਲੇ ਲੈ ਸਕਦੇ ਹਨ।

ਇੱਕ ਅਟਾਰਨੀ ਕੀ ਕਰਦਾ ਹੈ?

ਇੱਕ ਵਾਰ ਜਦੋਂ ਈ ਪੀ ਏ (EPA) ਲਾਗੂ ਹੋ ਜਾਂਦਾ ਹੈ, ਤਾਂ ਤੁਹਾਡਾ ਅਟਾਰਨੀ (ਜਾਂ ਵੱਧ ਅਟਾਰਨੀਜ਼) ਤੁਹਾਡੀ ਦੇਖਭਾਲ ਤੇ ਕਲਿਆਣ, ਅਤੇ ਤੁਹਾਡੀ ਸੰਪਤੀ (ਵਿੱਤੀ ਮਾਮਲਿਆਂ ਸਮੇਤ) ਬਾਰੇ ਬਹੁਤੇ ਫ਼ੈਸਲੇ ਲੈ ਸਕਦਾ ਹੈ।

ਇਹ ਫ਼ੈਸਲਾ ਤੁਹਾਡਾ ਹੁੰਦਾ ਹੈ ਕਿ ਉਨ੍ਹਾਂ ਨੂੰ ਹਰੇਕ ਚੀਜ਼ ਬਾਰੇ ਅਧਿਕਾਰ ਦੇਣੇ ਹਨ ਜਾਂ ਕੇਵਲ ਤੁਹਾਡੀ ਦੇਖਭਾਲ ਦੇ ਕੁੱਝ ਅੰਸ਼ਾਂ ਬਾਰੇ ਹੀ ਅਜਿਹਾ ਕੋਈ ਅਧਿਕਾਰ ਉਨ੍ਹਾਂ ਨੂੰ ਦੇਣਾ ਹੈ। ਅਜਿਹੇ ਕੁੱਝ ਖੇਤਰ ਹੁੰਦੇ ਹਨ – ਜਿਵੇਂ ਵਿਆਹ, ਤਲਾਕ, ਬੱਚਾ ਗੋਦ ਲੈਣਾ ਜਾਂ ਜੀਵਨ-ਬਚਾਊ ਮੈਡੀਕਲ ਇਲਾਜ ਲੈਣ ਤੋਂ ਇਨਕਾਰ ਕਰਨਾ – ਜਿਨ੍ਹਾਂ ਬਾਰੇ ਕਿਸੇ ਅਟਾਰਨੀ ਨੂੰ ਫ਼ੈਸਲਾ ਲੈਣ ਦਾ ਕੋਈ ਅਧਿਕਾਰ ਨਹੀਂ ਹੁੰਦਾ।

ਤੁਹਾਡੇ ਅਟਾਰਨੀ (ਜਾਂ ਅਟਾਰਨੀਜ਼) ਦੀ ਮੁੱਖ ਜ਼ਿੰਮੇਵਾਰੀ ਇਹੋ ਹੁੰਦੀ ਹੈ ਕਿ ਉਹ ਤੁਹਾਡੇ ਬਿਹਤਰ ਹਿਤਾਂ ਲਈ ਕੰਮ ਕਰੇ, ਅਤੇ ਤੁਸੀਂ ਜਿੰਨੇ ਵੀ ਵੱਧ ਯੋਗ ਹੋ, ਉਨ੍ਹਾਂ ਨੂੰ ਜ਼ਰੂਰ ਹੀ ਫ਼ੈਸਲੇ ਲੈਣ ਵਿੱਚ ਤੁਹਾਨੂੰ ਸ਼ਾਮਲ ਕਰਨਾ ਹੋਵੇਗਾ। ਜੇ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਕਿਸੇ ਅਟਾਰਨੀ ਦੇ ਵਿਵਹਾਰ ਬਾਰੇ ਕੋਈ ਚਿੰਤਾ ਹੈ, ਤਾਂ ਸਹਾਇਤਾ ਲਈ ਪਰਿਵਾਰਕ ਅਦਾਲਤ (ਫ਼ੈਮਿਲੀ ਕੋਰਟ) 'ਚ ਅਰਜ਼ੀਆਂ ਦਾਖ਼ਲ ਕੀਤੀਆਂ ਜਾ ਸਕਦੀਆਂ ਹਨ।

ਅਟਾਰਨੀ ਕੌਣ ਹੋ ਸਕਦਾ ਹੈ?

ਤੁਹਾਡਾ ਅਟਾਰਨੀ ਕੋਈ ਵੀ ਅਜਿਹਾ ਵਿਅਕਤੀ ਹੋ ਸਕਦਾ ਹੈ ਜਿਸ ਉਤੇ ਤੁਸੀਂ ਭਰੋਸਾ ਕਰਦੇ ਹੋ ਤੇ ਜਿਸ ਬਾਰੇ ਇਹ ਸਮਝਦੇ ਹੋ ਕਿ ਉਹ ਤੁਹਾਡੀਆਂ ਇੱਛਾਵਾਂ ਅਤੇ ਭਾਵਨਾਵਾਂ ਨੂੰ ਸਮਝ ਕੇ ਉਨ੍ਹਾਂ ਦੀ ਕਦਰ ਪਾ ਸਕਦਾ ਹੈ। ਆਪਣੇ ਅਟਾਰਨੀ ਦੀ ਚੋਣ ਧਿਆਨ ਨਾਲ ਕਰਨੀ ਮਹੱਤਵਪੂਰਣ ਹੁੰਦੀ ਹੈ।

ਆਮ ਤੌਰ ਉਤੇ ਉਹ ਕੋਈ ਦੋਸਤ ਜਾਂ ਪਰਿਵਾਰਕ ਮੈਂਬਰ, ਕੋਈ ਸਹਿਯੋਗੀ ਸਾਥੀ, ਜਾਂ ਕੋਈ ਟਰੱਸਟੀ ਕਾਰਪੋਰੇਸ਼ਨ ਜਿਵੇਂ ਕਿ ਪਬਲਿਕ ਟਰੱਸਟ (ਕੇਵਲ ਸੰਪਤੀ ਈ ਪੀ ਏਜ਼ (EPAs) ਲਈ) ਹੋ ਸਕਦਾ ਹੈ। ਉਨ੍ਹਾਂ ਦੀ ਉਮਰ 20 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ, ਉਹ ਦੀਵਾਲੀਆ ਨਹੀਂ ਹੋਣੇ ਚਾਹੀਦੇ ਅਤੇ ਉਹ ਮਾਨਸਿਕ ਤੌਰ 'ਤੇ ਤੰਦਰੁਸਤ ਹੋਣੇ ਚਾਹੀਦੇ ਹਨ।

ਤੁਸੀਂ ਆਪਣੀ **ਨਿਜੀ ਦੇਖਭਾਲ ਤੇ ਕਲਿਆਣ ਈ ਪੀ ਏ (EPA)** ਲਈ ਕੇਵਲ ਇੱਕੋ ਅਟਾਰਨੀ ਰੱਖ ਸਕਦੇ ਹੋ, **ਸੰਪਤੀ ਈ ਪੀ ਏ (EPA)** ਲਈ ਤੁਸੀਂ ਇੱਕ ਤੋਂ ਵੱਧ ਅਟਾਰਨੀ ਰੱਖ ਸਕਦੇ ਹੋ ਕਿਉਂਕਿ ਤੁਹਾਨੂੰ ਵੱਖੋ-ਵੱਖਰੇ ਵਿਸ਼ੇਸ਼ ਖੇਤਰਾਂ ਲਈ ਵਿਭਿੰਨ ਹੁਨਰਾਂ ਵਾਲੇ ਵਿਅਕਤੀਆਂ ਦੀ ਜ਼ਰੂਰਤ ਹੋ ਸਕਦੀ ਹੈ। ਤੁਸੀਂ ਹੋਰਨਾਂ ਲੋਕਾਂ ਦੇ ਨਾਮ ਵੀ ਲੈ ਸਕਦੇ ਹੋ ਜਿਨ੍ਹਾਂ ਬਾਰੇ ਤੁਸੀਂ ਚਾਹੁੰਦੇ ਹੋਵੋ ਕਿ ਤੁਹਾਡੇ ਅਟਾਰਨੀ ਈ ਪੀ ਏ (EPA) ਫ਼ੈਸਲੇ ਲੈਂਦੇ ਸਮੇਂ ਉਨ੍ਹਾਂ ਨਾਲ ਸਲਾਹ-ਮਸ਼ਵਰਾ ਕਰਨ।

ਮੈਂ ਇੱਕ ਈ ਪੀ ਏ ਕਿਵੇਂ ਪ੍ਰਾਪਤ ਕਰ ਸਕਦਾ ਹਾਂ?

ਜਦੋਂ ਤੁਸੀਂ ਆਪਣੇ ਅਟਾਰਨੀ ਬਾਰੇ ਫ਼ੈਸਲਾ ਲੈ ਚੁੱਕੇ ਹੋਵੋਂ ਤੇ ਇਹ ਵੀ ਕਿ ਤੁਸੀਂ ਉਨ੍ਹਾਂ ਤੋਂ ਕੀ ਚਾਹੁੰਦੇ ਹੋ ਕਿ ਉਹ ਕੀ-ਕੁੱਝ ਕਰਨ, ਤਦ ਤੁਹਾਨੂੰ ਆਪਣੇ ਗਵਾਹ ਦੇ ਤੌਰ 'ਤੇ ਇੱਕ ਵਕੀਲ, ਯੋਗ ਕਾਨੂੰਨੀ ਕਾਰਜਕਾਰੀ ਅਧਿਕਾਰੀ ਜਾਂ ਟਰੱਸਟੀ ਕਾਰਪੋਰੇਸ਼ਨ (ਜਿਵੇਂ ਪਬਲਿਕ ਟਰੱਸਟ) ਦਾ ਇੰਤਜ਼ਾਮ ਕਰਨ ਦੀ ਜ਼ਰੂਰਤ ਹੋਵੇਗੀ। ਉਹ ਇਹ ਯਕੀਨੀ ਬਣਾਉਣਗੇ ਕਿ ਤੁਸੀਂ ਆਪਣੇ ਸਾਰੇ ਵਿਕਲਪਾਂ ਨੂੰ ਸਮਝੋਂ, ਕਿ ਈ ਪੀ ਏ (EPA) ਦਸਤਾਵੇਜ਼ ਦਾ ਕੀ ਅਰਥ ਹੈ ਅਤੇ ਉਸ ਲਈ ਸਾਰੀਆਂ ਕਾਨੂੰਨੀ ਆਵਸ਼ਕਤਾਵਾਂ ਪੂਰੀਆਂ ਕਰ ਲਈਆਂ ਗਈਆਂ ਹਨ।

ਈ ਪੀ ਏ (EPA) ਤਿਆਰ ਕਰਨ ਵਿੱਚ ਕੋਈ ਖ਼ਰਚਾ ਨਹੀਂ ਹੁੰਦਾ ਪਰ ਲਾਗਤ ਘਟਾਉਣ ਦੇ ਕਈ ਰਾਹ ਹਨ – ਸਭ ਤੋਂ ਵੱਧ ਮਹੱਤਵਪੂਰਣ ਇਹ ਹੈ ਕਿ ਜੱਥੇਬੰਦਕ ਹੋਣ ਦਾ ਅਰਥ ਇਹ ਹੋਵੇਗਾ ਕਿ ਪ੍ਰਕਿਰਿਆ ਵਿੱਚ ਘੱਟ ਸਮਾਂ ਲੱਗੇਗਾ ਅਤੇ ਇੰਝ ਲਾਗਤ ਵੀ ਘੱਟ ਹੋ ਸਕਦੀ ਹੈ।

ਕੁੱਝ ਕਾਨੂੰਨੀ ਪ੍ਰੋਫ਼ੈਸ਼ਨਲਜ਼ ਸੁਪਰ-ਗੋਲਡ ਕਾਰਡ ਛੋਟ ਦੀ ਪੇਸ਼ਕਸ਼ ਕਰਦੇ ਹਨ, ਅਤੇ ਈ ਪੀ ਏ (EPA) ਬਣਾਉਣ ਤੋਂ ਬਾਅਦ ਜਦੋਂ ਤੁਸੀਂ ਆਪਣੀ ਵਸੀਅਤ ਤਿਆਰ ਕਰਨੀ ਹੁੰਦੀ ਹੈ ਜਾਂ ਤੁਹਾਨੂੰ ਕਿਸੇ ਹੋਰ ਮਾਮਲੇ ਲਈ ਆਪਣੇ ਵਕੀਲ ਦੀ ਜ਼ਰੂਰਤ ਹੋਵੇ ਤਾਂ ਇੰਝ ਤੁਹਾਡੀਆਂ ਲਾਗਤਾਂ ਦੀ ਬੱਚਤ ਕਰਨ ਵਿੱਚ ਮਦਦ ਮਿਲ ਸਕਦੀ ਹੈ।

ਕੀ ਮੈਂ ਆਪਣਾ ਈ ਪੀ ਏ (EPA) ਬਦਲ ਸਕਦਾ ਹਾਂ?

ਜੇ ਤੁਸੀਂ ਮਾਨਸਿਕ ਤੌਰ 'ਤੇ ਯੋਗ ਹੋ ਤਾਂ ਤੁਸੀਂ ਆਪਣਾ ਈ ਪੀ ਏ (EPA) ਬਦਲ ਸਕਦੇ ਹੋ ਜਾਂ ਖ਼ਤਮ ਕਰ ਸਕਦੇ ਹੋ।

ਇੱਕ ਅਟਾਰਨੀ ਆਪਣਾ ਅਧਿਕਾਰ ਗੁਆ ਲੈਂਦਾ ਹੈ ਜੇ ਉਹ ਦੀਵਾਲੀਆ ਹੋ ਜਾਂਦਾ ਹੈ, ਮਾਨਸਿਕ ਤੌਰ ਉਤੇ ਅਯੋਗ ਹੋ ਜਾਂਦਾ ਹੈ, ਨਿਜੀ ਜਾਂ ਸੰਪਤੀ ਅਦਾਲਤੀ ਆਦੇਸ਼ ਜਾਰੀ ਹੋ ਜਾਂਦਾ ਹੈ, ਜਾਂ ਪਰਿਵਾਰਕ ਅਦਾਲਤ ਉਸ ਦੀ ਨਿਯੁਕਤੀ ਰੱਦ ਕਰ ਦਿੰਦੀ ਹੈ। ਇੱਕ ਈ ਪੀ ਏ (EPA) ਤਦ ਵੀ ਖ਼ਤਮ ਹੋ ਜਾਂਦਾ ਹੈ ਜੇ ਤੁਹਾਡਾ, ਜਾਂ ਉਨ੍ਹਾਂ ਦਾ ਦੇਹਾਂਤ ਹੋ ਜਾਂਦਾ ਹੈ। ਜੇ ਤੁਹਾਡੇ ਅਟਾਰਨੀ ਦਾ ਦੇਹਾਂਤ ਹੋ ਜਾਂਦਾ ਹੈ ਤਾਂ ਤੁਸੀਂ ਇੱਕ ਜਾਂ ਵੱਧ ਅਟਾਰਨੀਜ਼ ਦੇ ਨਾਮ ਲੈ ਸਕਦੇ ਹੋ।

ਇੱਕ ਈ ਪੀ ਏ (EPA) ਸਥਾਪਤ ਕਰਨ ਦੀ ਤਿਆਰੀ

ਇੱਕ ਈ ਪੀ ਏ ਸਥਾਪਤ ਕਰਨ ਲਈ ਤੁਹਾਨੂੰ ਜ਼ਰੂਰ ਹੀ ਮਿਆਰੀ ਫ਼ਾਰਮ ਭਰਨੇ ਹੋਣਗੇ। ਤੁਸੀਂ ਉਹ ਫ਼ਾਰਮ ਕਿਸੇ ਵੀ ਕਾਨੂੰਨੀ ਸਲਾਹਕਾਰ ਤੋਂ ਜਾਂ www.msd.govt.nz/epa *ਤੋਂ ਪ੍ਰਾਪਤ ਕਰ ਸਕਦੇ ਹੋ।*

ਆਪਣੇ ਕਾਨੂੰਨੀ ਸਲਾਹਕਾਰ ਨੂੰ ਮਿਲਣ ਤੋਂ ਪਹਿਲਾਂ ਇਸ ਬਾਰੇ ਵਿਚਾਰ ਕਰੋ:

1. ਤੁਸੀਂ ਕਿਸ ਨੂੰ ਆਪਣਾ/ਆਪਣੇ ਅਟਾਰਨੀ ਬਣਾਉਣਾ ਚਾਹੁੰਦੇ ਹੋ ਅਤੇ ਤਸੀਂ ਕੀ ਕੁੱਝ ਚਾਹੁੰਦੇ ਹੋ ਕਿ ਉਹ ਤੁਹਾਡੇ ਲਈ ਕਰਨ ਤੇ ਨਾ ਕਰਨ।
2. ਤੁਹਾਡੇ ਅਟਾਰਨੀ/ਜ਼ ਦੀ ਮਦਦ ਕਿਵੇਂ ਕੀਤੀ ਜਾ ਸਕਦੀ ਹੈ – ਕੀ ਤੁਸੀਂ ਹੋਰਨਾਂ ਲੋਕਾਂ ਦੇ ਨਾਮ ਲੈ ਸਕਦੇ ਹੋ, ਜਿਵੇਂ ਪਰਿਵਾਰ/ਕੋਈ ਨੇੜਲਾ ਰਿਸ਼ਤੇਦਾਰ, ਦੋਸਤ, ਇੱਕ ਅਕਾਊਂਟੈਂਟ ਜਾਂ ਸਾਲਿਸਿਟਰ ਜੋ ਤੁਹਾਡੇ ਅਟਾਰਨੀ ਨੂੰ ਸਲਾਹ ਦੇ ਸਕਣ?
3. ਆਪਣੇ ਕੋਲ ਮੌਜੂਦ ਮੁੱਖ ਵਸਤਾਂ, ਕੋਈ ਧਨ ਜੋ ਤੁਸੀਂ ਲੈਣਾ ਹੋਵੇ, ਅਤੇ ਕਿਸੇ ਵੀ ਤਰ੍ਹਾਂ ਦੇ ਕਰਜ਼ਿਆਂ ਦੀ ਇੱਕ ਸੂਚੀ ਬਣਾਓ।
4. ਕੋਈ ਹੋਰ ਵਿਅਕਤੀ ਜਿਸ ਨੂੰ ਤੁਸੀਂ ਈ ਪੀ ਏ (EPA) ਦੀ ਇੱਕ ਕਾਪੀ ਦੇ ਸਕਦੇ ਹੋ-ਤੁਹਾਡਾ ਡਾਕਟਰ, ਤੁਹਾਡਾ ਬੈਂਕ, ਜਾਂ ਪਰਿਵਾਰਕ ਮੈਂਬਰ?
5. ਤੁਸੀਂ ਆਪਣੀ ਸੰਪਤੀ ਈ ਪੀ ਏ (EPA) ਕਦ ਤੋਂ ਲਾਗੂ ਕਰਨਾ ਚਾਹੁੰਦੇ ਹੋ-ਕੋਈ ਮਿਤੀ, ਕੋਈ ਸਮਾਂ-ਮਿਆਦ, ਜਾਂ ਜਦੋਂ ਤੁਸੀਂ ਪੱਕੇ ਤੌਰ 'ਤੇ 'ਮਾਨਸਿਕ ਤੌਰ ਉਤੇ ਅਯੋਗ' ਹੋ ਜਾਵੋ।
6. ਤੁਹਾਡੇ ਅਟਾਰਨੀ/ਜ਼ ਉਤੇ ਨਜ਼ਰ ਕਿਵੇਂ ਰੱਖੀ ਜਾ ਸਕਦੀ ਹੈ, ਜਿਵੇਂ ਕਿ ਤੁਹਾਡੇ ਵਿੱਤੀ ਰਿਕਾਰਡਾਂ ਉਤੇ ਨਜ਼ਰ ਰੱਖਣ ਲਈ ਕਿਸੇ ਦੂਜੇ ਵਿਅਕਤੀ ਦੀ ਨਿਯੁਕਤੀ ਕਰਨੀ, ਬੈਂਕ ਸਟੇਟਮੈਂਟਸ ਦੀਆਂ ਕਾਪੀਆਂ ਪ੍ਰਾਪਤ ਕਰਨਾ, ਜਾਂ ਨਿਸ਼ਚਤ ਫ਼ੈਸਲਿਆਂ ਬਾਰੇ ਸੂਚਿਤ ਕੀਤਾ ਜਾਣਾ। ਤੁਸੀਂ ਆਪਣੇ ਸੰਪਤੀ ਈ ਪੀ ਏ ਲਈ ਦੂਜਾ ਅਟਾਰਨੀ ਨਿਯੁਕਤ ਕਰ ਸਕਦੇ ਹੋ, ਜੋ ਨਿਗਰਾਨੀ ਵਿੱਚ ਮਦਦ ਕਰ ਸਕਦਾ ਹੈ।
7. ਜੇ ਤੁਹਾਡੀ ਪਹਿਲੀ ਚੋਣ ਨਾਲ ਕੁੱਝ ਵਾਪਰ ਜਾਂਦਾ ਹੈ ਤਾਂ ਕੀ ਤੁਸੀਂ ਹੋਰਨਾਂ ਵਿਅਕਤੀਆਂ ਨੂੰ ਅਟਾਰਨੀ ਵਜੋਂ ਨਿਯੁਕਤ ਕਰਨਾ ਚਾਹੁੰਦੇ ਹੋ।

ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਹੋਰ ਜਾਣਕਾਰੀ, ਸਲਾਹ ਅਤੇ ਈ ਪੀ ਏ ਸਮਾਜਕ ਵਿਕਾਸ ਮੰਤਰਾਲੇ ਦੀ ਵੈਬਸਾਈਟ www.msd.govt.nz/epa, ਜਾਂ ਤੁਹਾਡੇ ਸਥਾਨਕ ਸਿਟੀਜ਼ਨਜ਼ ਐਡਵਾਈਸ ਬਿਊਰੋ, ਜਨਤਕ ਲਾਇਬਰੇਰੀ, ਕਮਿਊਨਿਟੀ ਲਾੱਅ ਸੈਂਟਰ, ਜਾਂ ਏਜ ਕੰਸਰਨ ਜਾਂ ਤੁਹਾਡੇ ਕਾਨੂੰਨੀ ਪ੍ਰੋਫ਼ੈਸ਼ਨਲ ਤੋਂ ਮਿਲ ਸਕਦੀ ਹੈ।

ਇਹ ਜਾਣਕਾਰੀ 0800 273 674 ਕਾੱਲ ਕਰਨ 'ਤੇ ਵੀ ਉਪਲਬਧ ਹੁੰਦੀ ਹੈ।

Protect your Future
msd.govt.nz/epa

OFFICE FOR SENIOR CITIZENS
TE TARI KAUMĀTUA
Administered by the Ministry of Social Development

New Zealand Government

Punjabi